# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ: 9800 /ਸੀ.ਓ.ਈ.

ਮਿਤੀ 12/10/2023

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ,

ਕਾਲਜ ਸੈਕਸ਼ਨ ਦੇ ਪੱਤਰ ਨੰ. 10655/ਸ-1/ਕਾਲਜ ਮਿਤੀ 10.10.2023 ਦੀ ਲਗਾਤਾਰਤਾ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸੈਸ਼ਨ 2023-24 ਦੌਰਾਨ ਯੂਨੀਵਰਸਿਟੀ ਨਾਲ ਸਬੰਧਿਤ ਕਾਲਜਾਂ ਵਿਖੇ ਅੰਡਰ-ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸਾਂ ਦੇ ਐਂਟਰੀ ਪੁਆਇੰਟ (ਭਾਗ ਪਹਿਲਾ) ਦੀਆਂ ਦਾਖਲਾ ਮਿਤੀਆਂ ਵਿੱਚ ਆਖਰੀ ਲੇਟ ਦਾਖਲਾ ਫੀਸ (2000/-ਰੁਪਏ ਪ੍ਰਤੀ ਵਿਦਿਆਰਥੀ) ਨਾਲ ਵਾਧੇ ਸਬੰਧੀ ਪੱਤਰ ਜਾਰੀ ਕੀਤਾ ਗਿਆ ਹੈ।

ਉਕਤ ਦੇ ਸਬੰਧ ਵਿੱਚ ਪ੍ਰੀਖਿਆ ਸ਼ਾਖਾ ਵੱਲੋਂ ਜਾਰੀ ਕੀਤਾ ਗਿਆ ਪੱਤਰ ਨੰ. 9412/ਸੀ.ਓ.ਈ. ਮਿਤੀ 30.09.2023 ਹੀ ਲਾਗੂ ਰਹੇਗਾ ਅਤੇ ਰਜਿਸਟ੍ਰੇਸ਼ਨ ਰਿਟਰਨ ਦੀ ਆਖਰੀ ਮਿਤੀ 30.10.2023 ਤੱਕ ਬਿਨਾਂ ਲੇਟ ਫੀਸ ਨਿਰਧਾਰਿਤ ਕੀਤੀ ਜਾਂਦੀ ਹੈ।

ਉਕਤ ਮਿਤੀ ਤੋਂ ਬਾਅਦ ਕਿਸੇ ਵਿਭਾਗ/ਕਾਲਜ ਵੱਲੋਂ ਭੇਜੀ ਗਈ ਰਜਿਸਟ੍ਰੇਸ਼ਨ ਰਿਟਰਨ ਕਿਸੇ ਵੀ ਸਥਿਤੀ ਵਿੱਚ ਸਵੀਕਾਰ ਨਹੀਂ ਕੀਤੀ ਜਾਵੇਗੀ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਹੜੇ ਕੇਸਾਂ ਉੱਤੇ ਪਹਿਲਾਂ ਕੋਈ ਵੀ ਜੁਰਮਾਨਾ ਲੱਗਿਆ ਹੋਇਆ ਹੈ, ਉਨ੍ਹਾਂ ਕੇਸਾਂ ਨੂੰ ਕਲੀਅਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੈਸ਼ਨ ਦਸੰਬਰ, 2023 ਸਬੰਧੀ ਰਜਿਸਟ੍ਰੇਸ਼ਨ ਰਿਟਰਨ ਦਾ ਅਤੇ ਪ੍ਰੀਖਿਆ ਫਾਰਮ ਸਬੰਧਿਤ data ਚੰਗੀ ਤਰ੍ਹਾਂ ਘੋਖ ਕੇ ਨਿਰਧਾਰਿਤ ਸਮੇਂ ਵਿੱਚ ਜਮ੍ਹਾਂ ਕਰਵਾਉਣ ਉਪਰੰਤ ਜੇਕਰ ਕੋਈ ਤਰੁੱਟੀ ਪੇਸ਼ ਆਉਂਦੀ ਹੈ ਤਾਂ ਯੂਨੀਵਰਸਿਟੀ ਨਿਯਮਾਂ ਅਨੁਸਾਰ ਜੁਰਮਾਨਾ ਭਰਨਾ ਲਾਜ਼ਮੀ ਹੋਵੇਗਾ। ਯੂਨੀਵਰਸਿਟੀ ਵੱਲੋਂ ਲਗਾਏ ਜੁਰਮਾਨੇ ਨੂੰ ਮੁਆਫ ਕਰਨ ਸਬੰਧੀ ਵਿਭਾਗ/ਕਾਲਜ ਵੱਲੋਂ ਕੀਤੇ ਕਿਸੇ ਵੀ ਪੱਤਰ-ਵਿਹਾਰ ਉੱਪਰ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

Vishal Goyal 12/10/2023

**ਕੰਟਰੋਲਰ (ਪ੍ਰੀਖਿਆਵਾਂ)**

ਕੰਟਰੋਲਰ (ਪਰੀਖਿਆਵਾਂ)
ਪੰਜਾਬੀ ਯੂਨੀਵਰਸਿਟੀ,
ਪਟਿਆਲਾ

Scanned with CamScan